**Er. Harinder Pal Singh**
**P.T.E.S. - I**

M.E. (Electronics)
Spl. Computers

Tele/Fax No.: 0172-5022333

D. O. No.: 320

Additional Director, Technical Education Pb.
Directorate of Technical Education &
Industrial Training Punjab (T.E. Wing),
Plot No. 1, Sector 36-A, Chandigarh

Dated:- 27-3-2017

ਵਿਸ਼ਾ:- ਰਾਮਗੜ੍ਹੀਅਰ ਕਾਲਜ, ਫਗਵਾੜਾ ਵਿਚ ਜੁਆਇੰਟ ਮੈਗਾ ਜਾਬ ਫੈਸਟੀਵਲ ਮਿਤੀ 5,6/4/2017 ਨੂੰ ਕਰਵਾਉਣ ਬਾਰੇ।

ਸਤਿਕਾਰਯੋਗ ਜੀ ,

ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਦਿਆਂ ਬੇਨਤੀ ਹੈ ਕਿ ਇਸ ਵਿਭਾਗ ਵੱਲੋ ਇੱਕ ਜੁਆਇੰਟ ਮੈਗਾ ਜਾਬ ਫੈਸਟੀਵਲ ਡਿਪਲੋਮਾ/ਡਿਗਰੀ/ਐਮ.ਬੀ.ਏ ਦੇ ਵਿਦਿਆਰਥੀਆਂ ਲਈ ਸਾਂਝੇ ਤੌਰ ਤੇ ਰਾਮਗੜ੍ਹੀਆ ਇੰਸਟੀਚਿਊਟ ਵਿਚ ਉਪਰੋਤ ਮਿਤੀਆਂ ਨੂੰ ਕਰਵਾਉਣ ਦਾ ਅਯੋਜਨ ਕੀਤਾ ਗਿਆ ਹੈ। ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਨੇ ਚਾਹਿਆ ਹੈ ਕਿ ਇਸ ਜੁਆਇੰਟ ਮੈਗਾ ਜਾਬ ਫੈਸਟੀਵਲ ਵਿਚ ਇੱਕ ਹਜ਼ਾਰ ਤੋ ਵੱਧ ਵਿਦਿਆਰਥੀਆਂ ਨੂੰ ਨੋਕਰੀਆਂ ਦਿਵਾਉਣ ਦਾ ਟੀਚਾ ਰੱਖਿਆ ਜਾਵੇ। ਇਸ ਟੀਚੇ ਨੂੰ ਪੂਰਾ ਕਰਨ ਲਈ ਇਸ ਵਿਭਾਗ ਵੱਲੋ ਯਤਨ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਆਪ ਜੀ ਦੀ ਯੂਨੀਵਰਸਿਟੀ/ਬੋਰਡ ਦੇ ਰਜਿਸਟਰਾਰ ਨੂੰ ਸਮੇ ਸਿਰ ਵਿਸਥਾਰ ਸਹਿਤ ਲਿਖਿਆ ਗਿਆ ਹੈ। ਮੈ ਇਸ ਅਰਧ ਸਰਕਾਰੀ ਪੱਤਰ ਰਾਂਹੀ ਆਪ ਜੀ ਦੇ ਨਿੱਜੀ ਧਿਆਨ ਵਿਚ ਲਿਆਉਦਿਆਂ ਬੇਨਤੀ ਕਰਦਾਂ ਹਾਂ ਕਿ ਆਪਣੇ ਅਧੀਨ ਸਬੰਧਤ ਅਧਿਕਾਰੀਆਂ ਨੂੰ ਇਸ ਮੈਗਾ ਜਾਬ ਫੈਸਟੀਵਲ ਦੀ ਸਫਲਤਾ ਲਈ ਉਪਰਾਲੇ ਵਿਚ ਸਹਿਯੋਗ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ।ਜੇਕਰ ਉਪਰੋਕਤ ਮਿਤੀਆਂ ਵਿਚ ਆਪ ਜੀ ਦੀ ਯੂਨੀਵਰਸਿਟੀ ਵਿਚ ਕੋਈ ਸਮਾਗਮ ਰੱਖਿਆ ਹੋਵੇ ਤਾਂ ਉਸ ਨੂੰ ਅੱਗੇ ਪਾ ਲਿਆ ਜਾਵੇ ਕਿਉਂ ਜ਼ੋ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਜੀ ਵੱਲੋ ਉਪਰੋਤ ਮੈਗਾ ਜਾਬ ਫੈਸਟੀਵਲ ਦਾ ਉਦਘਾਟਨ ਮਿਤੀ 5/4/2017 ਨੂੰ ਸਵੇਰੇ 11.00 ਵਜੇ ਕਰਨਾ ਨਿਯਤ ਕੀਤਾ ਗਿਆ ਹੈ।

ਮੈਂ ਆਪ ਜੀ ਨੂੰ ਇੱਕ ਵਾਰ ਫਿਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਪਰੋਕਤ ਮੈਗਾ ਜਾਬ ਫੈਸਟੀਵਲ ਨੂੰ ਸਫਲ ਬਣਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਣ ਤਾਂ ਜ਼ੋ ਉਸ ਸਬੰਧਤ ਕੰਪਨੀਆਂ ਅਤੇ ਵਿਦਿਆਰਥੀਆਂ ਦਾ ਡਾਟਾ ਸਮੇ ਸਿਰ ਆਰਗੇਨਾਈਜ਼ਿੰਗ ਕਮੇਟੀ ਨੂੰ ਈ-ਮੇਲ ਰਾਂਹੀ ਭੇਜ਼ ਦੇਣ।ਕਿਉ ਜ਼ੋ ਜਾਬ ਫੈਸਟੀਵਲ ਵਿਚ ਸਮਾਂ ਘੱਟ ਰਹਿ ਗਿਆ ਹੈ।

ਆਪ ਦਾ ਹਿਤੂ

24/3/2017

ਸੇਵਾ ਵਿਚ,ਤ

ਸ੍ਰੀ ਪੁਨੀਤ ਗੋਇਲ, ਪੀ.ਸੀ.ਐਸ
ਸਕੱਤਰ,
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ,
ਪਲਾਟ ਨੰ:1, ਸੈਕਟਰ-36, ਚੰਡੀਗੜ੍ਹ।